ਸਾਰਗ ਮਹਲਾ ੫ ॥ ਅਬ ਪੂਛੇ ਕਿਆ ਕਹਾ ॥ ਲੈਨੋ ਨਾਮੁ ਅੰਮ੍ਰਿਤ ਰਸੁ ਨੀਕੋ ਬਾਵਰ ਬਿਖੁ ਸਿਉ ਗਹਿ ਰਹਾ ॥੧॥ ਰਹਾਉ ॥ ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ ਬਦਲਹਾ ॥ ਕਾਥੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ ॥੧॥ ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ ॥ ਕਾਚ ਬਾਦਰੈ ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ ॥੨॥ ਸਗਲ ਪਰਾਧ ਏਕੁ ਗੁਣੁ ਨਾਹੀ ਠਾਕੁਰੁ ਛੋਡਹ ਦਾਸਿ ਭਜਹਾ ॥ ਆਈ ਮਸਟਿ ਜੜਵਤ ਕੀ ਨਿਆਈ ਜਿਉ ਤਸਕਰੁ ਦਰਿ ਸਾਂਨ੍ਹਿਾ ॥੩॥ ਆਨ ਉਪਾਉ ਨ ਕੋਊ ਸੂਝੈ ਹਰਿ ਦਾਸਾ ਸਰਣੀ ਪਰਿ ਰਹਾ ॥ ਕਹੁ ਨਾਨਕ ਤਬ ਹੀ ਮਨ ਛੁਟੀਐ ਜਉ ਸਗਲੇ ਅਉਗਨ ਮੇਟਿ ਧਰਹਾ ॥ ੪॥੪॥ {ਪੰਨਾ 1203}

ਪਦਅਰਥ:- ਪੂਛੇ—ਜੇ (ਤੈਨੂੰ) ਪੁੱਛਿਆ ਜਾਏ। ਕਿਆ ਕਹਾ—ਕੀਹ ਦੱਸੇਂਗਾ? ਲੈਨੋ—ਲੈਣਾ ਸੀ। ਅੰਮ੍ਰਿਤ—ਆਤਮਕ ਜੀਵਨ ਦੇਣ ਵਾਲਾ। ਨੀਕੋ—ਸੋਹਣਾ। ਬਾਵਰ—ਹੇ ਕਮਲੇ! ਬਿਖੁ—ਆਤਮਕ ਮੌਤ ਲਿਆਉਣ ਵਾਲੀ ਮਾਇਆ ਦਾ ਮੋਹ-ਜ਼ਹਰ। ਗਹਿ ਰਹਾ—ਚੰਬੜ ਰਿਹਾ ਹੈਂ।1। ਰਹਾਉ।

ਦੁਲਭ—ਬੜੀ ਮੁਸ਼ਕਿਲ ਨਾਲ ਮਿਲਣ ਵਾਲਾ। ਚਿਰੰਕਾਲ—ਚਿਰਾਂ ਪਿੱਛੋਂ। ਜਾਤਉ—ਜਾ ਰਿਹਾ ਹੈ। ਬਦਲਹਾ—ਬਦਲੇ, ਵੱਟੇ ਵਿਚ। ਕਾਥੂਰੀ—ਕਸਤੂਰੀ। ਕੋ—ਦਾ। ਲਾਦਿਓ—ਤੂੰ ਲੱਦ ਲਿਆ ਹੈ, ਤੂੰ ਖ਼ਰੀਦ ਲਿਆ ਹੈ। ਬਿਰਖ ਜਿਵਹਾ—ਜਿਵਾਂਹ ਦੇ ਬੂਟੇ।1।

ਲਾਭਨ ਕੈ ਤਾਈ—ਲੱਭਣ ਵਾਸਤੇ। ਮੋਹਨਿ—ਮਨ ਨੂੰ ਮੋਹ ਲੈਣ ਵਾਲੀ। ਠਾਗਉਰੀ—ਠਗ-ਮੂਰੀ, ਠਗ-ਬੂਟੀ। ਉਲਝਿ ਪਹਾ—ਮਨ ਜੋੜ ਬੈਠਾ ਹੈਂ। ਕਾਚ—ਕੱਚ। ਬਾਦਰੈ—ਬਦਲੇ, ਵੱਟੇ ਵਿਚ। ਖੋਈ ਹੈ—ਗਵਾ ਰਿਹਾ ਹੈਂ। ਅਉਸਰੁ—ਸਮਾ। ਕਦਿ—ਕਦੋਂ? ਲਹਾ—ਲੱਭੇਂਗਾ।2।

ਪਰਾਧ—ਅਪਰਾਧ, ਖ਼ੁਨਾਮੀਆਂ। ਛੋਡਹ—ਅਸੀਂ ਜੀਵ ਛੱਡ ਦੇਂਦੇ ਹਾਂ। ਦਾਸਿ—ਦਾਸੀ, ਮਾਇਆ। ਭਜਹਾ—ਭਜਹ, ਅਸੀਂ ਸੇਂਵਦੇ ਹਾਂ। ਮਸਟਿ—ਚੁੱਪ, ਮੂਰਛਾ ਜਿਹੀ। ਜੜਵਤ ਕੀ ਨਿਆਈ—ਜੜ੍ਹ (ਬੇ-ਜਾਨ) ਪਦਾਰਥਾਂ ਵਾਂਗ। ਤਸਕਰੁ—ਚੋਰ। ਦਰਿ—ਦਰ ਤੇ, ਬੂਹੇ ਤੇ। ਸਾਂਨ੍ਹਿਾ—ਸੰਨ੍ਹ।3।

ਉਪਾਉ—ਇਲਾਜ। ਪਰਿ ਰਹਾ—ਮੈਂ ਪਿਆ ਰਹਿੰਦਾ ਹਾਂ। ਮਨ—ਹੇ ਮਨ! ਛੁਟੀਐ—ਮਾਇਆ ਦੇ ਪੰਜੇ ਤੋਂ ਬਚ ਸਕੀਦਾ ਹੈ। ਜਉ—ਜਦੋਂ। ਮੇਟਿ ਧਰਹਾ—ਮੇਟਿ ਧਰਹ, ਅਸੀਂ ਮਿਟਾ ਦੇਵੀਏ।4।

ਅਰਥ:- ਹੇ ਕਮਲੇ! ਹੁਣ ਜੇ ਤੈਨੂੰ ਪੁੱਛਿਆ ਜਾਏ ਤਾਂ ਕੀਹ ਦੱਸੇਂਗਾ? (ਤੂੰ ਇਥੇ ਜਗਤ ਵਿਚ ਆ ਕੇ) ਆਤਮਕ ਜੀਵਨ ਦੇਣ ਵਾਲਾ ਪਰਮਾਤਮਾ ਦਾ ਸੋਹਣਾ ਨਾਮ-ਰਸ ਲੈਣਾ ਸੀ, ਪਰ ਤੂੰ ਤਾਂ ਆਤਮਕ ਮੌਤ ਲਿਆਉਣ ਵਾਲੀ ਮਾਇਆ-ਜ਼ਹਰ ਦੇ ਨਾਲ ਹੀ ਚੰਬੜ ਰਿਹਾ ਹੈਂ।1। ਰਹਾਉ।

ਹੇ ਝੱਲੇ! ਬੜੇ ਚਿਰਾਂ ਪਿੱਛੋਂ (ਤੈਨੂੰ) ਦੁਰਲੱਭ (ਮਨੁੱਖਾ) ਜਨਮ ਮਿਲਿਆ ਸੀ, ਪਰ ਇਹ ਤਾਂ ਕੌਡੀ ਦੇ ਵੱਟੇ ਜਾ ਰਿਹਾ ਹੈ। ਤੂੰ (ਇਥੇ) ਕਸਤੂਰੀ ਦਾ ਗਾਹਕ ਬਣਨ ਲਈ ਆਇਆ ਸੀ, ਪਰ ਤੂੰ ਇਥੋਂ ਕੱਲਰ ਲੱਦ ਲਿਆ ਹੈ, ਜਿਵਾਂਹਾਂ ਦੇ ਬੂਟੇ ਲੱਦ ਲਏ ਹਨ।1।

ਹੇ ਕਮਲੇ! (ਤੂੰ ਜਗਤ ਵਿਚ ਆਤਮਕ ਜੀਵਨ ਦਾ) ਲਾਭ ਖੱਟਣ ਲਈ ਆਇਆ ਸੀ, ਪਰ ਤੂੰ ਤਾਂ ਮਨ ਨੂੰ ਮੋਹਣ ਵਾਲੀ ਮਾਇਆ ਠਗ-ਬੂਟੀ ਨਾਲ ਹੀ ਆਪਣਾ ਮਨ ਜੋੜ ਬੈਠਾ ਹੈਂ, ਤੂੰ ਕੱਚ ਦੇ ਵੱਟੇ ਲਾਲ ਗਵਾ ਰਿਹਾ ਹੈਂ। ਹੇ ਕਮਲੇ! ਇਹ ਮਨੁੱਖਾ ਜਨਮ ਵਾਲਾ ਸਮਾ ਫਿਰ ਕਦੋਂ ਲੱਭੇਂਗਾ?।2।

ਹੇ ਭਾਈ! ਅਸਾਂ ਜੀਵਾਂ ਵਿਚ ਸਾਰੀਆਂ ਖ਼ੁਨਾਮੀਆਂ ਹੀ ਹਨ, ਗੁਣ ਇੱਕ ਭੀ ਨਹੀਂ। ਅਸੀਂ ਮਾਲਕ-ਪ੍ਰਭੂ ਨੂੰ ਛੱਡ ਦੇਂਦੇ

ਹਾਂ ਅਤੇ ਉਸ ਦੀ ਦਾਸੀ ਦੀ ਹੀ ਸੇਵਾ ਕਰਦੇ ਰਹਿੰਦੇ ਹਾਂ। ਜਿਵੇਂ ਕੋਈ ਚੋਰ ਸੰਨ੍ਹ ਦੇ ਬੂਹੇ ਤੇ (ਫੜਿਆ ਜਾ ਕੇ ਮਾਰ ਖਾ ਖਾ ਕੇ ਬੇਹੋਸ਼ ਹੋ ਜਾਂਦਾ ਹੈ, ਤਿਵੇਂ ਨਾਮ ਜਪਣ ਵਲੋਂ ਸਾਨੂੰ) ਜੜ੍ਹ ਪਦਾਰਥਾਂ ਵਾਂਗ ਮੂਰਛਾ ਹੀ ਆਈ ਰਹਿੰਦੀ ਹੈ।3।

ਹੇ ਭਾਈ! (ਇਸ ਮੋਹਨੀ ਮਾਇਆ ਦੇ ਪੰਜੇ ਵਿਚੋਂ ਨਿਕਲਣ ਵਾਸਤੇ ਮੈਨੂੰ ਤਾਂ) ਕੋਈ ਹੋਰ ਢੰਗ ਨਹੀਂ ਸੁੱਝਦਾ, ਮੈਂ ਤਾਂ ਪਰਮਾਤਮਾ ਦੇ ਦਾਸਾਂ ਦੀ ਸਰਨ ਪਿਆ ਰਹਿੰਦਾ ਹਾਂ। ਹੇ ਨਾਨਕ! ਆਖ—ਹੇ ਮਨ! ਮਾਇਆ ਦੇ ਮੋਹ ਵਿਚੋਂ ਤਦੋਂ ਹੀ ਬਚੀਦਾ ਹੈ ਜਦੋਂ (ਪ੍ਰਭੂ ਦੇ ਸੇਵਕਾਂ ਦੀ ਸਰਨੀ ਪੈ ਕੇ ਆਪਣੇ ਅੰਦਰੋਂ) ਅਸੀਂ ਸਾਰੇ ਔਗੁਣ ਮਿਟਾ ਦੇਈਏ।4। 4।